Inclusive Employment Australia

Finding careers for people with disability

ਇਨਕਲੂਸਿਵ ਇੰਪਲਾਇਮੈਂਟ ਆਸਟ੍ਰੇਲੀਆ ਵਿੱਚ ਹਿੱਸਾ ਲੈਣ ਵੇਲੇ ਤੁਹਾਡੇ ਅਧਿਕਾਰ

ਜੇਕਰ ਤੁਸੀਂ ਇਨਕਲੂਸਿਵ ਇੰਪਲਾਇਮੈਂਟ ਆਸਟ੍ਰੇਲੀਆ ਪ੍ਰੋਗਰਾਮ ਵਿੱਚ ਹਿੱਸਾ ਲੈ ਰਹੇ ਹੋ, ਤਾਂ ਤੁਹਾਡੇ ਕੋਲ ਅਧਿਕਾਰ ਹਨ ਅਤੇ ਤੁਹਾਨੂੰ ਸਾਡੇ ਕੋਲੋਂ ਅਤੇ ਤੁਹਾਡੇ ਪ੍ਰਦਾਤਾ ਤੋਂ ਕੁਝ ਚੀਜ਼ਾਂ ਦੀ ਉਮੀਦ ਕਰਨੀ ਚਾਹੀਦੀ ਹੈ – ਨਿਰਪੱਖ ਵਿਵਹਾਰ, ਗੋਪਨੀਯਤਾ, ਪਹੁੰਚਯੋਗ ਜਾਣਕਾਰੀ, ਅਤੇ ਜਿੱਥੇ ਵੀ ਸੰਭਵ ਹੋਵੇ ਅਸਲ ਚੋਣ ਕਾਰਨ ਦਾ ਅਧਿਕਾਰ।

ਤੁਹਾਡੇ ਅਧਿਕਾਰਾਂ ਬਾਰੇ ਜਾਣਕਾਰੀ ਇਨਕਲੂਸਿਵ ਇੰਪਲਾਇਮੈਂਟ ਆਸਟ੍ਰੇਲੀਆ ਵਿੱਚ ਹਿੱਸਾ ਲੈਣ ਵਾਲਿਆਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦੇ ਬਿਆਨ (www.dss.gov.au/inclusive-employment-australia/resource/inclusive-employment-australia-participant-rights-and-responsibilities-statement) ਵਿੱਚ ਮਿਲ ਸਕਦੀ ਹੈ।

ਇਹ ਬਿਆਨ ਤੁਹਾਡੇ ਪ੍ਰਦਾਤਾ ਨਾਲ ਕੰਮ ਕਰਦੇ ਸਮੇਂ ਤੁਹਾਡੇ ਅਧਿਕਾਰਾਂ, ਪ੍ਰਦਾਤਿਆਂ ਲਈ ਸਾਡੇ ਦੁਆਰਾ ਨਿਰਧਾਰਤ ਮਾਪਦੰਡਾਂ, ਅਤੇ ਸਹਾਇਤਾਵਾਂ ਤੱਕ ਪਹੁੰਚ ਕਿਵੇਂ ਕਰਨੀ ਹੈ ਇਸ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰਦਾ ਹੈ।

ਗੁਣਵੱਤਾ ਵਾਲੀਆਂ ਸੇਵਾਵਾਂ ਲੈਣ ਦਾ ਤੁਹਾਡਾ ਅਧਿਕਾਰ

ਤੁਹਾਨੂੰ ਚੰਗੀ ਗੁਣਵੱਤਾ ਵਾਲੀਆਂ ਸੇਵਾਵਾਂ ਪ੍ਰਾਪਤ ਕਰਨ ਦਾ ਅਧਿਕਾਰ ਹੈ, ਅਤੇ ਸਮਾਜਿਕ ਸੇਵਾਵਾਂ ਵਿਭਾਗ ਦੇ ਕੁਝ ਮਾਪਦੰਡ ਹਨ ਜੋ ਇਨਕਲੂਸਿਵ ਇੰਪਲਾਇਮੈਂਟ ਆਸਟ੍ਰੇਲੀਆ ਪ੍ਰਦਾਤਿਆਂ ਨੂੰ ਪੂਰੇ ਕਰਨੇ ਪੈਂਦੇ ਹਨ।

ਸਾਰੇ ਸੰਮਿਲਿਤ ਇੰਪਲਾਇਮੈਂਟ ਆਸਟ੍ਰੇਲੀਆ ਪ੍ਰਦਾਤਿਆਂ ਨੂੰ ਅਪੰਗਤਾ ਸੇਵਾਵਾਂ ਲਈ ਰਾਸ਼ਟਰੀ ਮਿਆਰ (NSDS) (www.health.gov.au/resources/collections/national-standards-for-disability-services-resources) ਨੂੰ ਪੂਰਾ ਕਰਨਾ ਲਾਜ਼ਮੀ ਹੈ।

ਇਹ ਮਿਆਰ ਨਿਯਮਾਂ ਦਾ ਇੱਕ ਸਮੂਹ ਹਨ ਜੋ ਦੱਸਦੇ ਹਨ ਕਿ ਤੁਹਾਡੇ ਨਾਲ ਕਿਵੇਂ ਵਿਵਹਾਰ ਕੀਤਾ ਜਾਣਾ ਚਾਹੀਦਾ ਹੈ। ਇਹ ਮਿਆਰ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦੇ ਹਨ ਕਿ ਤੁਹਾਡੇ ਨਾਲ ਨਿਰਪੱਖ ਅਤੇ ਬਰਾਬਰੀ ਵਾਲਾ ਵਿਵਹਾਰ ਕੀਤਾ ਜਾਵੇ ਅਤੇ ਤੁਹਾਨੂੰ ਗੁਣਵੱਤਾ ਵਾਲੀਆਂ ਸੇਵਾਵਾਂ ਪ੍ਰਾਪਤ ਹੋਣ ਜੋ ਤੁਹਾਡੇ ਲਈ ਸਹੀ ਹਨ।

NSDS ਵਿੱਚ 6 ਮਿਆਰ ਦੱਸੇ ਗਏ ਹਨ:

- ਅਧਿਕਾਰ
- ਭਾਗੀਦਾਰੀ ਅਤੇ ਸ਼ਮੂਲੀਅਤ
- ਵਿਅਕਤੀਗਤ ਨਤੀਜੇ
- ਫੀਡਬੈਕ ਅਤੇ ਸ਼ਿਕਾਇਤਾਂ
- ਸੇਵਾ ਤੱਕ ਪਹੁੰਚ
- ਸੇਵਾ ਪ੍ਰਬੰਧਨ।

ਤੁਹਾਡਾ ਨਿੱਜਤਾ ਦਾ ਅਧਿਕਾਰ

ਤੁਹਾਨੂੰ ਆਪਣੀ ਨਿੱਜੀ ਜਾਣਕਾਰੀ ਨੂੰ ਗੁਪਤ ਰੱਖਣ ਦਾ ਅਧਿਕਾਰ ਹੈ, ਅਤੇ ਤੁਹਾਡੇ ਇਨਕਲੂਸਿਵ ਇੰਪਲਾਇਮੈਂਟ ਆਸਟ੍ਰੇਲੀਆ ਸੇਵਾ ਪ੍ਰਦਾਤਾ ਨੂੰ ਇਸ ਅਧਿਕਾਰ ਦਾ ਸਤਿਕਾਰ ਕਰਨਾ ਚਾਹੀਦਾ ਹੈ।

ਜਦੋਂ ਤੁਸੀਂ ਆਪਣੇ ਪ੍ਰਦਾਤੇ ਨਾਲ ਸ਼ੁਰੂਆਤ ਕਰੋਗੇ ਤਾਂ ਤੁਹਾਡਾ ਪ੍ਰਦਾਤਾ ਤੁਹਾਡੇ ਤੋਂ ਕੁਝ ਨਿੱਜੀ ਜਾਣਕਾਰੀ ਪੁੱਛੇਗਾ। ਉਹ ਸਿਰਫ਼ ਉਹੀ ਜਾਣਕਾਰੀ ਮੰਗ ਸਕਦੇ ਹਨ ਜਿਸਦੀ ਉਹਨਾਂ ਨੂੰ ਇਹ ਸਮਝਣ ਲਈ ਲੋੜ ਹੈ ਕਿ ਤੁਹਾਡੀ ਸਭ ਤੋਂ ਚੰਗੀ ਤਰ੍ਹਾਂ ਸਹਾਇਤਾ ਕਿਵੇਂ ਕਰਨੀ ਹੈ।

ਤੁਹਾਡੀ ਨਿੱਜੀ ਜਾਣਕਾਰੀ ਤੁਹਾਡੀ ਹੈ ਅਤੇ ਇਹ ਕਿਸੇ ਨੂੰ ਵੀ ਨਹੀਂ ਦਿੱਤੀ ਜਾਵੇਗੀ ਜਦੋਂ ਤੱਕ ਕਿ ਇਹ ਕਾਨੂੰਨ ਦੁਆਰਾ ਜ਼ਰੂਰੀ ਨਾ ਹੋਵੇ, ਜਾਂ ਤੁਸੀਂ ਆਪਣੀ ਸਹਿਮਤੀ ਦਿੱਤੀ ਹੋਵੇ ।

ਤੁਹਾਡੇ ਨਿੱਜਤਾ ਦੇ ਅਧਿਕਾਰ ਬਾਰੇ ਹੋਰ ਜਾਣਕਾਰੀ ਇਨਕਲੂਸਿਵ ਐਂਪਲਾਇਮੈਂਟ ਆਸਟ੍ਰੇਲੀਆ ਦੀ ਵੈੱਬਸਾਈਟ (www.dss.gov.au/inclusive-employment-australia/inclusive-employment-australia-participant-privacy-and-consent) 'ਤੇ ਹੈ।

ਆਪਣਾ ਮਨ ਬਦਲਣ ਦਾ ਤੁਹਾਡਾ ਹੱਕ

ਜੇਕਰ ਤੁਸੀਂ ਨਹੀਂ ਚਾਹੁੰਦੇ ਕਿ ਤੁਹਾਡਾ ਪ੍ਰਦਾਤਾ ਤੁਹਾਡੀ ਜਾਣਕਾਰੀ ਕਿਸੇ ਹੋਰ ਨੂੰ ਦੇਵੇ ਤਾਂ ਤੁਸੀਂ ਕਿਸੇ ਵੀ ਸਮੇਂ ਆਪਣਾ ਮਨ ਬਦਲ ਸਕਦੇ ਹੋ ਅਤੇ ਆਪਣੀ ਸਹਿਮਤੀ ਵਾਪਸ ਲੈ ਸਕਦੇ ਹੋ ('ਨਾਂਹ' ਕਹੋ)। ਇਹ ਕਿਵੇਂ ਕਰਨਾ ਹੈ ਇਸ ਬਾਰੇ ਆਪਣੇ ਪ੍ਰਦਾਤਾ ਨਾਲ ਗੱਲ ਕਰੋ।

ਕਿਰਪਾ ਕਰਕੇ ਧਿਆਨ ਵਿੱਚ ਰੱਖੋ ਕਿ ਜੇਕਰ ਤੁਸੀਂ ਨਿੱਜੀ ਜਾਣਕਾਰੀ ਪ੍ਰਦਾਨ ਨਹੀਂ ਕਰਦੇ ਅਤੇ ਆਪਣੀ ਸਹਿਮਤੀ ਵਾਪਸ ਲੈ ਲੈਂਦੇ ਹੋ, ਤਾਂ ਇਹ ਤੁਹਾਡੇ ਪ੍ਰਦਾਤਾ ਦੁਆਰਾ ਤੁਹਾਨੂੰ ਦਿੱਤੀਆਂ ਜਾ ਸਕਣ ਵਾਲੀਆਂ ਸੇਵਾਵਾਂ ਨੂੰ ਸੀਮਤ ਕਰ ਸਕਦਾ ਹੈ। ਇਹ ਤੁਹਾਡੀਆਂ ਆਪਸੀ ਜ਼ਿੰਮੇਵਾਰੀਆਂ ਦੀਆਂ ਜ਼ਰੂਰਤਾਂ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ। ਆਪਸੀ ਜ਼ਿੰਮੇਵਾਰੀਆਂ ਦੀਆਂ ਜ਼ਰੂਰਤਾਂ ਬਾਰੇ ਵਧੇਰੇ ਜਾਣਕਾਰੀ ਸਰਵਿਸਿਜ਼ ਆਸਟ੍ਰੇਲੀਆ ਦੀ ਵੈੱਬਸਾਈਟ (www.servicesaustralia.gov.au/mutual-obligation-requirements) 'ਤੇ ਹੈ।

ਤੁਹਾਡਾ ਦੁਭਾਸ਼ੀਏ ਦਾ ਅਧਿਕਾਰ

ਸਾਡੇ ਨਾਲ ਆਪਣੀ ਭਾਸ਼ਾ ਵਿੱਚ ਗੱਲ ਕਰਨ ਲਈ, ਤੁਸੀਂ ਅਨੁਵਾਦ ਅਤੇ ਦੁਭਾਸ਼ੀਆ ਸੇਵਾ (TIS National) ਦੀ ਵਰਤੋਂ ਕਰ ਸਕਦੇ ਹੋ।

TIS ਨੈਸ਼ਨਲ ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹੈ। ਇੱਥੇ 150 ਤੋਂ ਵੱਧ ਭਾਸ਼ਾਵਾਂ ਲਈ ਦੁਭਾਸ਼ੀਏ ਹਨ। TIS ਨੈਸ਼ਨਲ ਨੂੰ **131 450** 'ਤੇ ਫ਼ੋਨ ਕਰੋ।

ਉਹਨਾਂ ਦੀ ਦੁਭਾਸ਼ੀਆ ਸੇਵਾ ਬਾਰੇ ਵਧੇਰੇ ਜਾਣਕਾਰੀ ਲਈ TIS ਨੈਸ਼ਨਲ ਦੀ ਵੈੱਬਸਾਈਟ (www.tisnational.gov.au) 'ਤੇ ਜਾਓ।

ਜੇਕਰ ਤੁਸੀਂ ਆਪਣੀ ਸੇਵਾ ਤੋਂ ਖੁਸ਼ ਨਹੀਂ ਹੋ ਤਾਂ ਤੁਹਾਡੇ ਹੱਕ

ਜੇਕਰ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਸਹੀ ਮਦਦ ਨਹੀਂ ਮਿਲ ਰਹੀ ਹੈ, ਤਾਂ ਤੁਹਾਨੂੰ ਪਹਿਲਾਂ ਆਪਣੇ ਪ੍ਰਦਾਤਾ ਨਾਲ ਗੱਲ ਕਰਨੀ ਚਾਹੀਦੀ ਹੈ। ਤੁਹਾਡਾ ਪ੍ਰਦਾਤਾ ਫੀਡਬੈਕ ਦਾ ਸਵਾਗਤ ਕਰਦਾ ਹੈ ਅਤੇ ਕਿਸੇ ਵੀ ਸਮੱਸਿਆ ਨੂੰ ਹੱਲ ਕਰਨ ਲਈ ਤੁਹਾਡੇ ਨਾਲ ਕੰਮ ਕਰਨਾ ਚਾਹੁੰਦਾ ਹੈ।

ਜੇਕਰ ਤੁਸੀਂ ਆਪਣੀਆਂ ਚਿੰਤਾਵਾਂ ਬਾਰੇ ਆਪਣੇ ਪ੍ਰਦਾਤਾ ਨਾਲ ਗੱਲ ਨਹੀਂ ਕਰ ਸਕਦੇ, ਜਾਂ ਤੁਸੀਂ ਸ਼ਿਕਾਇਤ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਸ਼ਿਕਾਇਤ ਦਾ ਨਿਪਟਾਰਾ ਅਤੇ ਰੈਫਰਲ ਸੇਵਾ ਨੂੰ **1800 880 052** 'ਤੇ ਫ਼ੋਨ ਕਰ ਸਕਦੇ ਹੋ। ਇਹ ਇੱਕ ਸੁਤੰਤਰ ਨਿਪਟਾਰਾ ਕਰਨ ਵਾਲੀ ਸੇਵਾ ਹੈ।

ਤੁਸੀਂ ਆਸਟ੍ਰੇਲੀਆ ਸਰਕਾਰ ਦੇ ਸਿਹਤ, ਅਪੰਗਤਾ ਅਤੇ ਬੁਢਾਪਾ ਵਿਭਾਗ ਦੁਆਰਾ ਚਲਾਏ ਜਾਂਦੇ ਰਾਸ਼ਟਰੀ ਅਪੰਗਤਾ ਵਕਾਲਤ ਪ੍ਰੋਗਰਾਮ ਰਾਹੀਂ ਕਿਸੇ ਵਕੀਲ ਤੋਂ ਸਹਾਇਤਾ ਪ੍ਰਾਪਤ ਕਰਨਾ ਪਸੰਦ ਕਰ ਸਕਦੇ ਹੋ। ਇੱਕ ਵਕੀਲ ਪ੍ਰੋਗਰਾਮ ਦੇ ਕਿਸੇ ਵੀ ਪੜਾਅ 'ਤੇ ਤੁਹਾਡੀ ਮਦਦ ਕਰ ਸਕਦਾ ਹੈ।

ਤੁਸੀਂ ਆਪਣੇ ਇਲਾਕੇ ਵਿੱਚ ਡਿਸਏਬਿਲਿਟੀ ਐਡਵੋਕੇਸੀ ਫਾਈਂਡਰ (www.askizzy.org.au/disability-advocacy-finder) 'ਤੇ ਜਾ ਕੇ ਇੱਕ ਡਿਸਏਬਿਲਿਟੀ ਐਡਵੋਕੇਸੀ (ਸਮਰਥੱਕ) ਪ੍ਰਦਾਤਾ ਲੱਭ ਸਕਦੇ ਹੋ।

ਹੋਰ ਜਾਣਕਾਰੀ

ਤੁਸੀਂ ਇਨਕਲੂਸਿਵ ਇੰਪਲਾਇਮੈਂਟ ਆਸਟ੍ਰੇਲੀਆ ਦੀ ਵੈੱਬਸਾਈਟ (www.dss.gov.au/inclusive-employment-australia) 'ਤੇ ਹੋਰ ਜਾਣਕਾਰੀ ਅਤੇ ਸਰੋਤ ਲੱਭ ਸਕਦੇ ਹੋ, ਜਿਸ ਵਿੱਚ ਹਿਸਾ ਲੈਣ ਵਾਲਿਆਂ ਦੇ ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਦੇ ਤੱਥ ਪੱਤਰ ਸ਼ਾਮਲ ਹੈ। ਤੁਸੀਂ ਰਾਸ਼ਟਰੀ ਗਾਹਕ ਸੇਵਾ ਲਾਈਨ ਨੂੰ **1800 805 260** 'ਤੇ ਵੀ ਫ਼ੋਨ ਕਰ ਸਕਦੇ ਹੋ।

- ਬੋਲੋ ਅਤੇ ਸੁਣੋ (ਸਪੀਕ ਐਂਡ ਲਿਸਨ)ਸੇਵਾ ਵਰਤਣ ਵਾਲੇ 1300 555 727 'ਤੇ ਫ਼ੋਨ ਕਰੋ ਅਤੇ ਫਿਰ 1300 653 227 ਲਈ ਪੁੱਛੋ।
- ਜੇਕਰ ਤੁਸੀਂ ਬਹਿਰੇਹੋ/ਬਹਿਰੇ ਭਾਈਚਾਰੇ ਵਿਚ ਸਰਗਰਮ ਹੋ, ਉੱਚਾ ਸੁਣਦੇ ਹੋ ਜਾਂ ਬੋਲਣ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹੋ, ਤਾਂ ਰਾਸ਼ਟਰੀ ਗਾਹਕ ਸੇਵਾ ਲਾਈਨ ਨਾਲ ਸੰਪਰਕ ਕਰਨ ਲਈ ਰਾਸ਼ਟਰੀ ਰੀਲੇਅ ਸੇਵਾ ਦੀ ਵਰਤੋਂ ਕਰੋ। ਵਧੇਰੇ ਜਾਣਕਾਰੀ ਲਈ, www.accesshub.gov.au 'ਤੇ ਜਾਓ।
- ਜੇਕਰ ਤੁਹਾਨੂੰ ਦੁਭਾਸ਼ੀਏ ਦੀ ਲੋੜ ਹੈ, ਤਾਂ TIS ਨੈਸ਼ਨਲ ਨੂੰ **131 450*** 'ਤੇ ਫ਼ੋਨ ਕਰੋ ਅਤੇ **1800 805 260** ਦੇ ਲਈ ਪੁੱਛੋ।

* ਮੋਬਾਈਲ ਫੋਨਾਂ ਤੋਂ '13' ਅਤੇ '1800' ਨੰਬਰਾਂ 'ਤੇ ਫ਼ੋਨ ਲਈ ਕਾਲ ਚਾਰਜ ਲਗ ਸਕਦੇ ਹਨ।

ਲੈਂਡਲਾਈਨ ਅਤੇ ਮੋਬਾਈਲ ਪ੍ਰਦਾਤਿਆਂ ਤੋਂ ਕਾਲ ਦਰਾਂ ਵੱਖ-ਵੱਖ ਹੋ ਸਕਦੀਆਂ ਹਨ। ਆਪਣੇ ਮੌਜੂਦਾ ਸੇਵਾ ਪ੍ਰਦਾਤਾ ਨਾਲ ਸੰਪਰਕ ਕਰੋ ਤੇ ਇਸ ਬਾਰੇ ਜਾਣੋ।